ਪੰਜਾਬ ਸਰਕਾਰ
ਸਿਹਤ ਤੇ ਪਰਿਵਾਰ ਭਲਾਈ ਵਿਭਾਗ
(ਸਿਹਤ 2 ਸਾਖਾ)

email

ਈ.ਮੇਲ

ਸੇਵਾ ਵਿਖੇ,

ਡਾਇਰੈਕਟਰ,
ਸਿਹਤ ਤੇ ਪਰਿਵਾਰ ਭਲਾਈ,ਪੰਜਾਬ
ਚੰਡੀਗੜ੍ਹ।
ਮਿਤੀ, ਚੰਡੀਗੜ੍ਹ: 25-07-2024

ਵਿਸ਼ਾ:- ਸੀਨੀਅਰ ਰੈਜੀਡੈਂਸੀ ਵਿੱਚ ਚੋਣ ਹੋਣ ਉਪਰੰਤ ਫਾਰਮਲ ਐਨ.ਓ.ਸੀ ਦੇਣ ਬਾਰੇ।

ਉਪਰੋਕਤ ਵਿਸ਼ੇ ਤੇ ਆਪ ਦੇ ਪੱਤਰ ਨੰ: ਈ-2(3)-ਪੰਜਾਬ:2024/3624 ਮਿਤੀ 18.07.2024 ਦੇ ਹਵਾਲੇ ਵਿੱਚ।

2. ਵਿਸਾ ਅੰਕਿਤ ਮਾਮਲੇ ਸਬੰਧੀ ਆਪ ਵੱਲੋ ਪ੍ਰਾਪਤ ਤਜਵੀਜ/ਵੇਰਵਿਆਂ ਦੇ ਸਨਮੁੱਖ ਹੇਠ ਦਰਸਾਏ ਮੈਡੀਕਲ ਅਫਸਰ ਦੀ ਸਰਕਾਰੀ ਮੈਡੀਕਲ ਕਾਲਜ ਅੰਮ੍ਰਿਤਸਰ ਵਿਖੇ ਬਤੌਰ ਸੀਨੀਅਰ ਰੈਜੀਡੈਂਟ ਚੋਣ ਹੋ ਜਾਣ ਕਾਰਨ ਉਸ ਨੂੰ ਰਲੀਵ ਕਰਨ ਲਈ ਸਰਕਾਰ ਵੱਲੋ ਫਾਰਮਲ ਐਨ.ਓ.ਸੀ ਹੇਠ ਦਰਸਾਈਆ ਗਈਆਂ ਸ਼ਰਤਾ ਤਹਿਤ ਜਾਰੀ ਕੀਤਾ ਜਾਂਦਾ ਹੈ:-

| ਲੜੀ ਨੰ: | ਡਾਕਟਰ ਦਾ ਨਾਂ/ਮੈਰਿਟ ਨੰ:/ ਮੌਜੂਦਾ ਪੋਸਟਿੰਗ | ਕਿਸ ਵਿਸ਼ੇ ਵਿੱਚ ਸੀਨੀਅਰ ਰੈਜੀਡੈਂਸੀ ਕਰਨ ਲਈ ਚੋਣ ਹੋਈ ਹੈ | ਮੈਡੀਕਲ ਕਾਲਜ, ਜਿਥੇ ਸੀਟ ਮਿਲੀ ਹੈ। | ਸਰਕਾਰ ਦੇ ਜਿਸ ਪੱਤਰ ਨਾਲ ਪ੍ਰੋਵੀਜਨਲ ਐਨ.ਓ.ਸੀ. ਜਾਰੀ ਕੀਤਾ ਗਿਆ ਹੈ। |
|---|---|---|---|---|
| 1 | 2 | 3 | 4 | 5 |
| 1 | ਡਾ. ਸੰਦੀਪ ਕੌਰ, ਮੈਡੀਕਲ ਅਫਸਰ, ਜਿਲ੍ਹਾ ਐਪੀਡੀਮੋਲੋਜਿਸਟ, ਮੈਰਿਟ ਨੰ: 444/ ਐਸ.ਸੀ. /2014, ਦਫਤਰ ਸਿਵਲ ਸਰਜਨ ਸ੍ਰੀ ਮੁਕਤਸਰ ਸਾਹਿਬ | Community Medicine | ਸਰਕਾਰੀ ਮੈਡੀਕਲ ਕਾਲਜ ਅੰਮ੍ਰਿਤਸਰ | HFW-HLH2026D/ 188/2020-4H2/I/ 872588 ਮਿਤੀ 01.07.2024 |

3. ਉਕਤ ਮੈਡੀਕਲ ਅਫਸਰ ਨੂੰ ਐਨ.ਓ.ਸੀ. ਜਾਰੀ ਕਰਨ ਬਾਰੇ ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ, ਪੰਜਾਬ ਵਲੋਂ ਭੇਜੀ ਤਜਵੀਜ/ ਸਿਫਾਰਸ ਦੇ ਸਨਮੁੱਖ ਇਹ ਇਤਰਾਜਹੀਣਤਾ ਸਰਟੀਫਿਕੇਟ ਸਰਕਾਰ ਦੇ ਪੱਤਰ ਨੰ: 27/125/2008-5HBII/3152-3153 ਮਿਤੀ 24.5.2010 ਅਤੇ ਪੱਤਰ ਨੰ: HFW-HLH 2026D/42/2021-6H2/2750-2753 ਮਿਤੀ 30.4.2021 ਅਤੇ ਹਦਾਇਤਾਂ ਮਿਤੀ 20.04.2023 ਵਿੱਚ ਦਰਜ ਸ਼ਰਤਾਂ ਤੇ ਅਧਾਰਤ ਹੋਵੇਗਾ।

4. ਉਕਤ ਡਾਕਟਰ ਨੂੰ ਫਾਰਮਲ ਐਨ.ਓ.ਸੀ. ਹੇਠ ਦਰਸਾਈਆਂ ਸ਼ਰਤਾ ਤਹਿਤ ਜਾਰੀ ਕੀਤਾ ਜਾਂਦਾ ਹੈ :-

1) ਉਕਤ ਡਾਕਟਰ ਨੂੰ ਰਲੀਵ ਕਰਨ ਤੋਂ ਪਹਿਲਾਂ ਪ੍ਰੋਵੀਜਨਲ ਐਨ.ਓ.ਸੀ ਵਿੱਚ ਦਰਜ ਸ਼ਰਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

2) ਸਬੰਧਤ ਡਾਇਰੈਕਟਰ/ਸਬੰਧਤ ਸਿਵਲ ਸਰਜਨ/ ਸਬੰਧਤ ਸੀਨੀਅਰ ਮੈਡੀਕਲ ਅਫਸਰ ਨੂੰ ਇਹ ਵੀ ਲਿਖਿਆ ਜਾਂਦਾ ਹੈ ਕਿ ਸੀਨੀਅਰ ਰੈਜੀਡੈਂਸੀ ਸਬੰਧੀ ਬਣਦਾ ਬਾਂਡ ਭਰਵਾਉਣ ਉਪਰੰਤ ਹੀ ਡਾਕਟਰ ਅਤੇ ਉਸਦੀ ਸੋਰਟੀ ਪਾਉਣ ਵਾਲੇ ਅਧਿਕਾਰੀ ਦੀ ਸਰਵਿਸ ਬੁੱਕ ਵਿੱਚ ਐਂਟਰੀ ਕਰਨ ਉਪਰੰਤ ਹੀ ਇਸ ਡਾਕਟਰ ਨੂੰ ਰਲੀਵ ਕਰਨਾ ਯਕੀਨੀ ਬਣਾਇਆ ਜਾਵੇ।

3) ਸਬੰਧਤ ਪ੍ਰਿੰਸੀਪਲ, ਮੈਡੀਕਲ ਕਾਲਜ ਡਾਕਟਰ ਦਾ ਸੀਨੀਅਰ ਰੈਜੀਡੈਂਸੀ ਦਾ ਬਾਂਡ ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ, ਪੰਜਾਬ ਪਾਸੋ ਪ੍ਰਵਾਨ ਹੋਣ ਉਪਰੰਤ ਹੀ ਡਾਕਟਰ ਦੀ ਤਨਖਾਹ ਰਲੀਜ ਕਰਨਗੇ।

4) ਉਕਤ ਤੋਂ ਇਲਾਵਾ ਡਾਕਟਰ ਵਿਰੁੱਧ ਜੇਕਰ ਕੋਈ ਪ੍ਰਤੀਕੂਲ ਮੁੱਦਾ ਸਾਹਮਣੇ ਆਉਂਦਾ ਹੈ ਜਾਂ ਕਿਸੇ ਵਲੋਂ ਧਿਆਨ ਵਿੱਚ ਲਿਆਇਆ ਜਾਂਦਾ ਹੈ ਤਾਂ ਜਾਰੀ ਕੀਤਾ ਇਤਰਾਜਹੀਣਤਾ ਸਰਟੀਫਿਕੇਟ ਮੁੜ ਵਿਚਾਰਨ ਯੋਗ ਹੋਵੇਗਾ।

ਸੁਪਰਡੰਟ

ਮਿਤੀ:ਚੰਡੀਗੜ੍ਹ: 25-7-2024

ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਪ੍ਰਮੁੱਖ ਸਕੱਤਰ, ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ, ਪੰਜਾਬ, ਚੰਡੀਗੜ੍ਹ।
2. ਪ੍ਰਿੰਸੀਪਲ, ਸਰਕਾਰੀ ਮੈਡੀਕਲ ਕਾਲਜ ਅੰਮ੍ਰਿਤਸਰ ।
3. ਸਬੰਧਤ ਮੈਡੀਕਲ ਸੁਪਰਡੰਟ/ਸਿਵਲ ਸਰਜਨ।(ਵਿਭਾਗ ਦੀ ਵੈਬਸਾਈਟ ਰਾਹੀ)
4. ਸਬੰਧਤ ਸੀਨੀਅਰ ਮੈਡੀਕਲ ਅਫਸਰ।(ਵਿਭਾਗ ਦੀ ਵੈਬਸਾਇਟ ਰਾਹੀ)
5. ਸਬੰਧਤ ਡਾਕਟਰ। (ਵਿਭਾਗ ਦੀ ਵੈਬਸਾਇਟ ਰਾਹੀ)

ਸੁਪਰਡੰਟ